Roll No. ........................

(03/25)

# 5618

## B. A. (General) EXAMINATION

(For Batch 2011 & Onwards)

(Fourth Semester)

PUNJABI (ELECTIVE)

*Time : Three Hours* *Maximum Marks : 80*

I. ਕਾਦਰਯਾਰ ਜਾਂ ਵਾਰਿਸ ਸ਼ਾਹ ਦੇ ਜੀਵਨ ਰਚਨਾ 'ਤੇ ਨੋਟ ਲਿਖੋ । 10

II. ਕਿਸੇ ਦੋ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

(ੳ) ਤੁਸਾਂ ਬਖਸ਼ਣਾ ਯੋਗ ਤਾਂ ਕਰੋ ਕਿਰਪਾ, ਦਾਨ ਕਰਦਿਆਂ ਢਿਲ ਨਾ ਲੋੜੀਏ ਜੀ ।
ਜਿਹੜਾ ਆਸ ਕਰਕੇ ਡਿੱਗੇ ਆ ਦਵਾਰੇ, ਜੀਉ ਉਸ ਦਾ ਚਾਇ ਨਾ ਤੋੜੀਏ ਜੀ ।
ਸਿਦਕ ਬੰਨ ਕੇ ਜਿਹੜਾ ਚਰਨ ਲਾਗੇ, ਪਾਰ ਲਾਏ ਕੇ ਵਿੱਚ ਨਾ ਬੋੜੀਏ ਜੀ।
ਵਾਰਿਸ਼ ਸ਼ਾਹ ਮੀਆਂ ਜੈਂਦਾ ਕੋਈ ਨਾਹੀਂ, ਮਿਹਰ ਉਸ ਤੋਂ ਨਾਹਿ ਵਿਛੋੜੀਏ ਜੀ ।

(ਅ) ਜ਼ਾਲ ਜ਼ਰਾ ਨਾ ਤਾਕਤ ਰਹੀ ਤਨ ਵਿਚ,
ਗਾਉਂਦੀ ਸੁੰਦਰਾਂ ਗ਼ਮਾਂ ਦੇ ਗੀਤ ਲੋਕੋ ।
ਮੈਂ ਤਾਂ ਭੁੱਲੀ ਆਂ ਤੁਸੀ ਨਾ ਭੁੱਲਿਓ ਜੇ,
ਲਾਇਓ ਜੋਗੀਆਂ ਨਾਲ ਨਾ ਪ੍ਰੀਤ ਲੋਕੋ ।

(ੲ) ਪਰ ਘੱਲੇ ਮਹਾਂ ਸਿੰਘ ਨੇ, ਕੁਝ ਨੌਕਰ ਖਾਸੇ ।
ਜੇ ਜਾਹੋ ਤੁਸੀਂ ਸ਼ਤਾਬ ਹੀ, ਗੁਲਾਮੇ ਪਾਸੇ ।
ਤੇ ਮੰਗੋ ਟਕੇ ਉਸ ਥੀਂ, ਕਿਸੇ ਨਾਲ ਕਿਆਸੇ ।
ਯਾ ਤੁਸੀਂ ਲਿਆਓ ਉਸ ਨੂੰ, ਕਿਸੇ ਨਾਲ ਦਿਲਾਸੇ ।

(ਸ) ਲੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ,
ਦਿੱਲੀ ਆਗਰੇ, ਹਾਂਸੀ, ਹਿਸਾਰ ਮੀਆਂ
ਬੀਕਾਨੇਰ ਲਖਨਊ, ਅਜਮੇਰ, ਜੈਪੁਰ,
ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ । 10

III. 1701-1850 ਤਕ ਰਚੇ ਗਏ ਸੂਫ਼ੀ-ਸਾਹਿਤ ਜਾਂ ਬੀਰ-ਰਸੀ ਸਾਹਿਤ ਤੇ ਚਾਨਣਾ ਪਾਓ । 10

P.T.O.

(iv) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਤੇ 500 ਸ਼ਬਦਾਂ ਵਿੱਚ ਆਪਣੇ ਵਿਚਾਰ ਦਿਓ। 10
(i) ਨੌਜਵਾਨੀ ਅਤੇ ਚਿੱਟਾ (ii) ਰਾਜਨੀਤੀ ਵਿਚ ਵੰਸ਼ਵਾਦ
(iii) ਸਿੱਖਿਆ ਦਾ ਵਪਾਰੀਕਰਨ (iv) ਖੇਡਾਂ ਵਿਚ ਵਧ ਰਹੀ ਧਾਂਧਲੀ।

V. ਕਿਸੇ ਦੋ ਅਲੰਕਾਰਾਂ ਬਾਰੇ ਉਦਾਹਰਨਾਂ ਸਹਿਤ ਜਾਣਕਾਰੀ ਦਿਓ :-
(i) ਲੋਕੋਕਤੀ (ii) ਅਨੁਪ੍ਰਾਸ (iii) ਉਪਮਾ (iv) ਵਿਰੋਧੀ 10

VI. ਹੇਠ ਦਿੱਤੇ ਬਹੁਤੇ ਸ਼ਬਦਾਂ ਲਈ ਇਕ ਸ਼ਬਦ ਲਿਖੋ :- 10
(i) ਅਣਖ ਰੱਖਣ ਵਾਲਾ-
(ii) ਜ਼ਿਆਦਾ ਪੜ੍ਹਨ ਵਾਲਾ-
(iii) ਪਿੰਡ ਦੀ ਸਾਂਝੀ ਥਾਂ-
(iv) ਜਿਹੜਾ ਕਦੇ ਨਾ ਰੁਕੇ-
(v) ਪਤੀ ਦੀ ਭੈਣ-
(vi) ਪਤਨੀ ਦਾ ਭਰਾ-
(vii) ਹੀਰੇ ਦਾ ਵਪਾਰ ਕਰਨ ਵਾਲਾ-
(viii) ਰੱਬ ਨੂੰ ਮੰਨਣ ਵਾਲਾ-
(ix) ਰਲ ਮਿਲ ਕੇ ਕੰਮ ਕਰਨ ਵਾਲਾ-
(x) ਜਿਹੜਾ ਮਾਸ ਨਾ ਖਾਂਦਾ ਹੋਵੇ-

VII. ਹੇਠ ਲਿਖੇ ਲਘੂ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਚਾਰ ਵਿਕਲਪ ਲਿਖੋ- 10

(i) ਪੂਰਨ ਰਹਿਣ ਵਾਲਾ ਸੀ ।
(ੳ) ਝੰਗ ਸਿਆਲ (ਅ) ਕੋਟ ਕਬੂਲਾ (ੲ) ਤਖ਼ਤ ਹਜ਼ਾਰਾ (ਸ) ਟਿੱਲੇ ।

(ii) ਸਿੰਘਾਂ ਤੇ ਫਰੰਗੀਆਂ ਦੀ ਲੜਾਈ ਦਾ ਸਥਾਨ ਕਿਹੜਾ ਹੈ?
(ੳ) ਲਾਹੌਰ (ਅ) ਮੁਦਕੀ (ੲ) ਅੰਮ੍ਰਿਤਸਰ (ਸ) ਅੰਬਾਲਾ ।

(iii) ਕਾਦਰਯਾਰ ਨੇ 'ਪੂਰਨ ਭਗਤ' ਲਿਖਿਆ ।
(ੳ) ਸੀਹਰਫ਼ੀ (ਅ) ਬਾਰਾਂਮਾਹ (ੲ) ਬੈਂਤਾਂ (ਸ) ਪੈਂਤੀ ਅੱਖਰੀ

(iv) ਮਹਾਂ ਸਿੰਘ ਨੇ ਗੁਲਾਮ ਮੁਹੰਮਦ ਨਾਲ ਕਿੰਨੇ ਯੁੱਧ ਲੜੇ?
(ੳ) ਇਕ (ਅ) ਦੋ (ੲ) ਤਿੰਨ (ਸਚ) ਚਾਰ

(v) ਹਾਸ਼ਮ ਦੀ ਪ੍ਰਸਿੱਧ ਰਚਨਾ ਸੱਸੀ ਕਿਹੜੇ ਛੰਦ ਵਿਚ ਹੈ?
(ੳ) ਬੈਂਤ (ਅ) ਦਵੱਈਆ (ੲ) ਕੁੰਡਲੀ (ਸ) ਚੌਪਈ

(vi) 1701-1850 ਦਾ ਸਮਾਂ ਕਿਸ ਨਾਲ ਸਬੰਧਿਤ ਹੈ?
(ੳ) ਚੱਠੇ ਸਰਦਾਰਾਂ ਨਾਲ (ਅ) ਅੰਗਰੇਜ਼ਾਂ ਨਾਲ (ੲ) ਮਹਾਰਾਜਾ ਰਣਜੀਤ ਸਿੰਘ ਨਾਲ (ਸ) ਸੱਸੀ ਪੁੰਨੂੰ ਨਾਲ

(vii) ਵਾਰਿਸ ਸ਼ਾਹ ਦਾ ਜੀਵਨ ਕਾਲ ਸੀ।
(ੳ) 1725-1735 (ਅ) 1715-1778 (ੲ) 1705-1770 (ਸ) 1735-1798

(viii) ਬੁੱਲ੍ਹੇ ਸ਼ਾਹ ਦਾ ਸ਼ਰ੍ਹਾ ਪ੍ਰਤੀ ਦ੍ਰਿਸ਼ਟੀ ਕੋਣ ਹੈ?
(ੳ) ਵਿਰੋਧੀ ਵਾਲਾ (ਅ) ਅਧੀਨਗੀ ਵਾਲਾ (ੲ) ਡਰਨ ਵਾਲਾ (ਸ) ਪਿਆਰ ਵਾਲਾ ।

(viii) ਬੁੱਲ੍ਹੇ ਸ਼ਾਹ ਦਾ ਸ਼ਰ੍ਹਾ ਪ੍ਰਤੀ ਦ੍ਰਿਸ਼ਟੀ ਕੋਣ ਹੈ?
(ੳ) ਵਿਰੋਧੀ ਵਾਲਾ (ਅ) ਅਧੀਨਗੀ ਵਾਲਾ (ੲ) ਡਰਨ ਵਾਲਾ (ਸ) ਪਿਆਰ ਵਾਲਾ।

(ix) ਫਕੀਰ ਬਣਨ ਤੋਂ ਪਹਿਲਾਂ ਵਜੀਦ ਕਰਦਾ ਸੀ?
(ੳ) ਵਪਾਰ (ਅ) ਨੌਕਰੀ (ੲ) ਸ਼ਿਕਾਰ (ਸ) ਪੂਜਾ-ਪਾਠ

(x) ਸਭ ਤੋਂ ਵੱਧ ਸੂਫੀ ਕਵੀ ਕਿਸ ਸਦੀ ਵਿੱਚ ਹੋਏ?
(ੳ) 15ਵੀਂ (ਅ) 6ਵੀਂ (ੲ) 17ਵੀਂ (ਸ) 18ਵੀਂ

VIII. ਦਸ ਅੰਗਰੇਜ਼ੀ ਸਾਹਿਤਕ ਸ਼ਬਦਾਂ ਦਾ ਪੰਜਾਬੀ ਅਨੁਵਾਦ ਲਿਖੋ। 10

(i) Optimist
(ii) Metaphor
(iii) Novelist
(iv) Producer
(v) Size
(vi) Sensibility
(vii) Opera
(viii) Technique
(ix) Vision
(x) Vowel
(xi) Unities
(xii) Vowel
(xiii) Syllable
(xiv) Tradition
(xv) Work.